Gurukul International Multidisciplinary Research Journal (GIMRJ)*with*
International Impact Factor 8.357
Peer Reviewed Journal
https://doi.org/10.69758/GIMRJ/2505S01V13P002

e-ISSN No. 2394-8426
Special Issue on Scientific Research May'25
Issue–V(I), Volume–XIII

# The Concept of Forgiveness: A Sikh Perspective

**Charanjit Singh**
Khaujarathi
Guru Nanak Sikh Studies
Punjab University
Chandigarh
8699584503
Email:1699charn@gmail.com

**Abstract**
This article discusses the theoretical and practical significance of forgiveness from the Sikh perspective. According to Sikh philosophy, forgiveness is not just an act of forgiving a mistake, but an expression of pure experience and spiritual understanding. In Gurmat, forgiveness is associated with compassion, decency, and integrity. The Gurmukh, through his spiritual state, sees his own connection even in the mistakes of others and always responds with goodness, even if there is a lie or immorality ahead. This article, through historical examples such as Bhai Ghanaiya Ji, the tradition of Chhabeel, and the Battle of Muktsar, has shown how forgiveness in the Sikh experience is a sign of spiritual elevation, transcendence of ego, and universal unity. In the modern era, where technological development is increasing insensitivity, the echo of forgiveness can give rise to a new dialogue, brotherhood, and interfaith harmony.

**Keywords:** Forgiveness, Selflessness, Sikhism, Metaphysical Unity, Compassion, Interfaith Dialogue

# ਖਿਮਾ ਦੀ ਧਾਰਣਾ: ਇਕ ਸਿੱਖ ਦ੍ਰਿਸ਼ਟੀਕੋਣ

**ਚਰਨਜੀਤ ਸਿੰਘ**
ਖੋਜਾਰਥੀ
ਗੁਰੂ ਨਾਨਕ ਸਿੱਖ ਅਧਿਐਨ
ਪੰਜਾਬ ਯੂਨੀਵਰਸਿਟੀ
ਚੰਡੀਗੜ੍ਹ
8699584503
Email:1699charn@gmail.com

**ਸੰਖੇਪ**
ਇਸ ਲੇਖ ਵਿੱਚ ਖਿਮਾ ਦੀ ਸਿੱਖ ਨਜ਼ਰੀਏ ਤੋਂ ਥਿਓਰੀ ਅਤੇ ਅਭਿਆਸਿਕ ਅਹਿਮੀਅਤ ਦੀ ਚਰਚਾ ਕੀਤੀ ਗਈ ਹੈ। ਸਿੱਖ ਦਰਸ਼ਨ ਅਨੁਸਾਰ, ਮਾਫੀ ਸਿਰਫ਼ ਭੂਲ ਬਖ਼ਸ਼ਣ ਦੀ ਕ੍ਰਿਆ ਨਹੀਂ, ਬਲਕਿ ਨਿਸ਼ਕਾਮ ਅਨੁਭਵ ਅਤੇ ਰੂਹਾਨੀ ਬੂਝ ਦਾ ਪ੍ਰਗਟਾਵਾ ਹੈ। ਗੁਰਮਤਿ

ਵਿਚ ਖਿਮਾ ਨੂੰ ਹਮਦਰਦੀ, ਮਰਿਆਦਾ, ਅਤੇ ਪੂਰਨਤਾ ਨਾਲ ਜੋੜਿਆ ਗਿਆ ਹੈ। ਗੁਰਮੁਖ ਆਪਣੀ ਰੂਹਾਨੀ ਅਵਸਥਾ ਰਾਹੀਂ ਹੋਰਾਂ ਦੀ ਗਲਤੀ ਵਿੱਚ ਵੀ ਆਪਣੀ ਸਾਂਝ ਵੇਖਦਾ ਹੈ ਅਤੇ ਹਮੇਸ਼ਾ ਚੰਗਿਆਈ ਨਾਲ ਜਵਾਬ ਦਿੰਦਾ ਹੈ, ਭਾਵੇਂ ਅੱਗੇ ਝੂਠ ਜਾਂ ਅਨੈਤਿਕਤਾ ਹੋਵੇ। ਇਸ ਲੇਖ ਰਾਹੀਂ ਭਾਈ ਘਨਈਆ ਜੀ, ਛਬੀਲ ਦੀ ਪਰੰਪਰਾ ਅਤੇ ਮੁਕਤਸਰ ਦੀ ਲੜਾਈ ਵਰਗੇ ਇਤਿਹਾਸਕ ਉਦਾਹਰਨਾਂ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਸਿੱਖ ਅਨੁਭਵ ਵਿੱਚ ਖਿਮਾ ਕਿਵੇਂ ਰੂਹਾਨੀ ਉੱਚਾਈ, ਅਹੰਕਾਰ ਦੇ ਅਤਿਕ੍ਰਮਣ ਅਤੇ ਵਿਸ਼ਵਕ ਏਕਤਾ ਦੀ ਨਿਸ਼ਾਨੀ ਹੈ। ਆਧੁਨਿਕ ਯੁੱਗ ਵਿੱਚ ਜਿੱਥੇ ਟੈਕਨੋਲੋਜੀਕਲ ਵਿਕਾਸ ਨਾਲ ਸੰਵੇਦਨਹੀਨਤਾ ਵਧ ਰਹੀ ਹੈ, ਖਿਮਾ ਦੀ ਗੂੰਜ ਇਕ ਨਵੀਂ ਸੰਵਾਦਿਕਤਾ, ਭਾਈਚਾਰੇ ਅਤੇ ਅੰਤਰਧਰਮਿਕ ਸਾਂਝ ਨੂੰ ਜਨਮ ਦੇ ਸਕਦੀ ਹੈ।

**Keywords:** Forgiveness, Selflessness, Sikhism, Metaphysical Unity, Compassion, Interfaith Dialogue
ਮਾਫੀ, ਨਿਸ਼ਕਾਮਤਾ, ਸਿੱਖੀ, ਪਰਾਭੌਤਿਕ ਏਕਤਾ, ਦਇਆ, ਅੰਤਰ-ਧਰਮ ਸੰਵਾਦ

## ਭੂਮਿਕਾ

ਖਿਮਾ ਦੀ ਧਾਰਨਾ ਸੰਬੰਧੀ ਆਧੁਨਿਕ ਚਰਚਾ ਵਿੱਚ ਪਹਿਲਾ ਅਤੇ ਸਭ ਤੋਂ ਮਹੱਤਵਪੂਰਨ ਪ੍ਰਸ਼ਨ ਇਸ ਦੀ ਸੰਕਲਪਨਾ ਹੈ। ਮੌਜੂਦਾ ਪਰੇਸ਼ਾਨਕੁਨ ਹਾਲਾਤਾਂ ਵਿੱਚ ਇਹ ਵਿਸ਼ਾ ਬੇਹੱਦ ਜਰੂਰੀ ਬਣ ਗਿਆ ਹੈ। ਟੈਕਨੋਲੋਜੀ ਦੀ ਆਮਦ ਅਤੇ ਇਸ ਦੀ ਅਤਿ-ਪਹੁੰਚ ਨੇ ਮਨੁੱਖ ਨੂੰ ਬਹੁਤ ਆਰਾਮਦਾਇਕ ਅਤੇ ਇਕ 'ਬੰਦ' ਹਾਲਤ ਵਿੱਚ ਪਾ ਦਿੱਤਾ ਹੈ, 'ਬੰਦ' ਇਸ ਅਰਥ ਵਿੱਚ ਕਿ ਮਨੁੱਖੀ ਦੁਨੀਆ ਹਕੀਕਤੀ ਸੰਸਾਰ ਤੋਂ ਵਰਚੁਅਲ ਸੰਸਾਰ ਵੱਲ ਖਿਸਕ ਗਈ ਹੈ। ਇਹ ਕਈ ਪਾਸਿਆਂ ਤੋਂ ਲਾਭਕਾਰੀ ਹੋ ਸਕਦੀ ਹੈ ਪਰ ਇਸ ਨੇ ਮਨੁੱਖੀ ਸੁਭਾਵ ਨੂੰ ਜੋ ਅੰਦਰੂਨੀ ਨੁਕਸਾਨ ਪਹੁੰਚਾਇਆ ਹੈ ਉਹ ਬੇਹੱਦ ਗੰਭੀਰ ਹੈ। ਟੈਕਨੋਲੋਜੀ ਨੇ ਹਰੇਕ ਚੀਜ਼ ਨੂੰ ਇੰਨਾ ਆਸਾਨ ਬਣਾ ਦਿੱਤਾ ਹੈ ਕਿ ਜਾਣਕਾਰੀ ਹੱਥੋਂ ਹੱਥ ਮਿਲ ਜਾਂਦੀ ਹੈ ਪਰ ਉਸ ਦੇ ਨਾਲ-ਨਾਲ ਅਜਿਹੀ ਖਤਰਨਾਕ ਜਾਣਕਾਰੀ ਵੀ ਮਿਲਦੀ ਹੈ, ਜੋ ਮਨੁੱਖੀ ਸੁਭਾਅ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸ ਨੇ ਜੀਵਾਂ ਵਿਚਕਾਰ ਸੁਮੇਲ ਭਾਵਨਾ ਨੂੰ ਘਟਾ ਦਿੱਤਾ ਹੈ। ਮਨੁੱਖ ਹੁਣ ਹਕੀਕਤ ਵਿੱਚ ਰਹਿਣ ਦੀ ਥਾਂ ਆਭਾਸੀ (Virtual) ਦੁਨੀਆ ਵਿੱਚ ਰਹਿਣ ਨੂੰ ਤਰਜੀਹ ਦੇ ਰਿਹਾ ਹੈ। ਅਸੀਂ ਆਪਣੇ ਆਲੇ-ਦੁਆਲੇ ਇਸ ਦੀਆਂ ਜੀਵੰਤ ਉਦਾਹਰਨਾਂ ਦੇਖ ਸਕਦੇ ਹਾਂ। ਨਿੱਕੇ ਬੱਚੇ ਜੋ ਟੈਕਨੋਲੋਜੀ ਦੀ ਵਰਤੋਂ ਕਰ ਰਹੇ ਹਨ ਉਨ੍ਹਾਂ ਕੋਲ ਅਜਿਹੀ ਹਿੰਸਕ ਸਮੱਗਰੀ ਤੱਕ ਪਹੁੰਚ ਹੈ, ਬਹੁਤ ਸਾਰੀਆਂ ਖੇਡਾਂ ਜੋ ਉਹ ਖੇਡਦੇ ਹਨ ਉਹ ਦੂਜੇ ਨੂੰ ਹਰਾਉਣ ਤੇ ਕੇਂਦਰਤ ਹਨ। ਇਹ ਸਭ ਕੁਝ ਬੱਚਿਆਂ ਦੇ ਸੁਭਾਵ ਨੂੰ ਹੋਰ ਆਕ੍ਰਾਮਕ ਅਤੇ ਅਸਹਿਣਸ਼ੀਲ ਬਣਾ ਰਿਹਾ ਹੈ। ਕੇਵਲ ਬੱਚੇ ਹੀ ਨਹੀਂ, ਹਰ ਮਨੁੱਖ ਜਦੋਂ ਇਹ ਵਰਚੁਅਲ ਥਾਂ ਹਕੀਕਤ ਦੁਆਰਾ ਭੰਗ ਹੁੰਦੀ ਹੈ ਤਾਂ ਉਹ ਗੁੱਸੇ ਨਾਲ ਭਰ ਜਾਂਦਾ ਹੈ। ਮਨੁੱਖ ਹੋਰਾਂ ਲਈ ਅਸਹਿਣਸ਼ੀਲ ਹੋ ਗਿਆ ਹੈ। ਇਹ ਸਿਰਫ ਛੋਟੇ-ਛੋਟੇ ਉਦਾਹਰਨ ਹਨ। ਇਹ ਉਚਿਤ ਸਮਾਂ ਹੈ ਕਿ ਅਸੀਂ ਇਕ ਵਿਅਕਤੀ, ਪਰਿਵਾਰ, ਸਮਾਜ, ਰਾਜ ਅਤੇ ਬ੍ਰਹਿਮੰਡ ਦੇ ਰੂਪ ਵਿੱਚ ਜੀਵਨ ਦੇ ਅਸਲੀ ਅਰਥਾਂ, ਦਇਆ, ਸੁਮੇਲ, ਸਾਂਝੀਵਾਲਤਾ ਅਤੇ ਖਿਮਾ ਨੂੰ ਮੁੜ ਖੋਜੀਏ। ਨਫਰਤ ਦੀ ਭਾਵਨਾ ਹੁਣ ਇੰਨੀ ਤੇਜ਼ ਹੈ ਕਿ ਥੋੜ੍ਹੀ ਜਿਹੀ ਅਣਬਨ ਵਿੱਚ ਵੀ ਇਹ ਉਤਪੰਨ ਹੋ ਜਾਂਦੀ ਹੈ ਜੋ ਪਹਿਲਾਂ ਨਹੀਂ ਸੀ। ਮਨੁੱਖ ਨੂੰ ਇਹ ਜਾਣਨਾ ਚਾਹੀਦਾ ਹੈ ਕਿ ਕਿਵੇਂ ਮਾਫ ਕਰਨਾ ਹੈ ਅਤੇ ਦੂਜੇ ਨੂੰ ਉਸ ਦੀ ਕਮੀਆਂ ਸਮੇਤ ਗਲੇ ਲਗਾਉਣਾ ਹੈ।

ਇਹ ਜਾਣਨਾ ਅਤੇ ਅਧਿਐਨ ਜਰੂਰੀ ਹੈ ਕਿ ਕਈ ਪ੍ਰਸ਼ਨਾਂ ਦੇ ਜਵਾਬ ਕੀ ਹਨ। ਖਿਮਾ ਕੀ ਹੈ? ਖਿਮਾ ਦੀ ਸਰੂਪਤਾ ਕੀ ਹੈ? ਕੌਣ ਮਾਫ ਕਰ ਰਿਹਾ ਹੈ? ਕੌਣ ਮਾਫ ਕੀਤਾ ਜਾ ਰਿਹਾ ਹੈ? ਕੀ ਮਾਫ ਹੋਣ ਤੋਂ ਬਾਅਦ ਵਿਅਕਤੀ ਦੇ ਮਨ ਵਿੱਚ ਕੋਈ ਪਛਤਾਵਾ ਹੈ? ਜੇਕਰ ਨਹੀਂ, ਤਾਂ ਫਿਰ ਮਾਫ ਕਰਨ ਦਾ ਕੀ ਲਾਭ? ਇਹ ਖਿਮਾ ਕਿੰਨੀ ਦੂਰ ਤੱਕ ਜਾ ਸਕਦੀ ਹੈ? ਕੀ ਖਿਮਾ ਦਾ ਕੋਈ ਮੂਲ ਪਰਿਵਰਤਨ ਹੁੰਦਾ ਹੈ? ਇਹ ਅਜਿਹੇ ਮੁਢਲੇ ਪ੍ਰਸ਼ਨ ਹਨ ਜੋ ਇਸ ਵਿਸ਼ੇ ਦਾ ਅਧਿਐਨ ਕਰਦੇ ਹੋਏ ਸਾਹਮਣੇ ਆਉਂਦੇ ਹਨ। ਵੱਖ ਵੱਖ ਵਿਦਵਾਨਾਂ ਦੀ ਸੋਚ-

ਵਿਚਾਰ ਭਰੀ ਵਿਆਖਿਆਤਮਕ ਚਰਚਾ ਤੋਂ ਪ੍ਰੇਰਿਤ ਹੋ ਕੇ ਮੈਂ ਇੱਥੇ ਸਿੱਖ ਅਨੁਭਵ ਦੀ ਰੌਸ਼ਨੀ ਵਿੱਚ ਖਿਮਾ ਬਾਰੇ ਗੱਲ ਕਰਨਾ ਚਾਹੁੰਦਾ ਹਾਂ।

ਸਭ ਤੋਂ ਪਹਿਲਾ ਪ੍ਰਸ਼ਨ ਹੈ ਕਿ ਖਿਮਾ ਕੀ ਹੈ? ਖਿਮਾ ਸਿੱਖ ਨਜ਼ਰੀਏ ਅਨੁਸਾਰ ਕੇਵਲ ਇੱਕ ਕਿਰਿਆ ਜਾਂ ਪ੍ਰਤੀਕਿਰਿਆ ਨਹੀਂ ਹੈ; ਇਹ ਨਿਸ਼ਕਾਮ ਅਨੁਭਵ ਅਤੇ ਪ੍ਰਗਟਾਅ ਦੀ ਇੱਕ ਸਮੇਂ ਹੋਣ ਵਾਲੀ ਘਟਨਾ ਹੈ। ਇਹ ਅੰਦਰ ਦੀ ਅਹਿਸਾਸੀ ਹਾਲਤ ਅਤੇ ਬਾਹਰੀ ਕਾਰਵਾਈ ਦੋਹਾਂ ਦਾ ਇਕੱਠਾ ਪ੍ਰਗਟਾਵਾ ਹੈ। ਇਹ ਅਜਿਹਾ ਤਜਰਬਾ ਹੈ ਜਿਸ ਵਿੱਚ 'ਸੇਵਾ' ਅਤੇ 'ਸਿਮਰਨ' ਵੱਖ-ਵੱਖ ਨਹੀਂ, ਸਗੋਂ ਇੱਕ-ਦੂਜੇ ਵਿੱਚ ਰਚੇ-ਬਸੇ ਹੋਏ ਹਨ, ਜਿਥੇ ਅੰਦਰੂਨੀ ਧਿਆਨ ਅਤੇ ਬਾਹਰੀ ਦਇਆਮਈ ਸੇਵਾ ਇਕੋ ਰਸਤੇ ਦੀ ਪੂਰਨਤਾ ਬਣ ਜਾਂਦੇ ਹਨ।

ਇਹ ਖਿਮਾ ਨੈਤਿਕ ਜਵਾਬ ਜਾਂ ਮਾਨਸਿਕ ਢਾਂਢਸ ਦੇ ਤੌਰ 'ਤੇ ਨਹੀਂ, ਬਲਕਿ ਇੱਕ ਅਸਤਿਤਵਕ ਅਵਸਥਾ ਹੈ, ਜਿਥੇ 'ਮਾਫ ਕਰਨਾ' ਕੋਈ ਚੋਣ ਨਹੀਂ ਰਹਿੰਦੀ, ਸਗੋਂ ਮਨੁੱਖ ਖਿਮਾ ਦਾ ਸਰੂਪ ਹੀ ਬਣ ਜਾਂਦਾ ਹੈ। ਗੁਰਮੁਖ ਖਿਮਾ ਕਰਦਾ ਨਹੀਂ, ਆਪ ਖਿਮਾ ਬਣ ਜਾਂਦਾ ਹੈ। ਪੂਰਨ ਖਿਮਾ ਕੇਵਲ ਇੱਕ ਪੂਰਨ ਜੀਵਨ ਅਵਸਥਾ ਵਿੱਚ ਹੀ ਉਤਪੰਨ ਹੋ ਸਕਦੀ ਹੈ। ਇਹ ਪੂਰਨਤਾ ਦੀ ਪ੍ਰਤੀਕਿਰਿਆ ਹੈ। ਇਹ ਦੂਜੇ ਅਤੇ ਉਸ ਦੇ ਕਰਤੱਬ ਦੀ ਪਛਾਣ ਕਰਨ ਦੀ ਅਵਸਥਾ ਹੈ, ਜਿਸ ਵਿੱਚ ਵਿਅਕਤੀ ਆਪਣੇ ਜਜ਼ਬਾਤਾਂ, ਬੰਧਨਾਂ, ਗੁੱਸੇ ਅਤੇ ਬਦਲਾ ਲੈਣ ਦੀ ਇੱਛਾ ਤੋਂ ਮੁਕਤ ਹੋ ਜਾਂਦਾ ਹੈ। ਖਿਮਾ ਇੱਕ ਅਵਸਥਾ ਹੈ ਜਿਸ ਵਿੱਚ ਜੀਉਣਾ ਪੈਂਦਾ ਹੈ। ਇਹ ਅਵਸਥਾ ਹੋਰ ਦੇ ਪਾਪ ਜਾਂ ਗਲਤ ਕਰਮ ਨੂੰ ਮਾਫ ਕਰਕੇ ਅਨੁਭਵ ਕੀਤੀ ਜਾਂਦੀ ਹੈ।

ਪਾਪ (ਇੱਥੇ ਕੈਥੋਲਿਕ ਮਾਇਨੇ ਵਿੱਚ ਨਹੀਂ ਸਗੋਂ ਇੱਕ ਗਲਤ ਕੰਮ ਵਜੋਂ) ਇੱਕ ਐਸਾ ਕਰਤੱਬ ਹੈ ਜਿਸ ਨੂੰ ਅਸੀਂ ਗਲਤ ਮੰਨਦੇ ਹਾਂ ਅਤੇ ਜਿਸ ਲਈ ਕੋਈ ਵਿਅਕਤੀ ਖਿਮਾ ਦੀ ਅਰਜ਼ ਕਰਦਾ ਹੈ। ਪਾਪ ਇੱਕ ਸਵਾਰਥੀ ਕਰਮ ਹੁੰਦਾ ਹੈ। ਇਹ ਅਗਿਆਨਤਾ ਤੋਂ ਪੈਦਾ ਹੁੰਦਾ ਹੈ। ਕਈ ਵਾਰ ਸਹੀ ਅਤੇ ਗਲਤ ਵਿਚਕਾਰ ਬਹੁਤ ਸੂਖਮ ਭੇਦ ਹੁੰਦਾ ਹੈ, ਅਤੇ ਵਿਅਕਤੀ ਨੂੰ ਆਪਣੇ ਕਰਮ ਦੀ ਗਲਤੀ ਦਾ ਗਿਆਨ ਵੀ ਨਹੀਂ ਹੁੰਦਾ। ਸੁਕਰਾਤ ਦੀ ਇੱਕ ਮਸ਼ਹੂਰ ਉਕਤੀ ਹੈ: "ਕੋਈ ਵੀ ਜਾਣ-ਬੁੱਝ ਕੇ ਗਲਤੀ ਨਹੀਂ ਕਰਦਾ।" ਜਦੋਂ ਕੋਈ ਵਿਅਕਤੀ ਗਲਤ ਕਰਦਾ ਹੈ, ਤਾਂ ਉਸ ਦਾ ਸਹੀ ਨਾ ਕਰਨਾ ਇੱਕ ਬੌਧਿਕ ਗਲਤੀ ਹੁੰਦੀ ਹੈ ਜਾਂ ਉਸ ਦੇ ਅੰਦਰ ਸਹੀ ਦੀ ਅਗਿਆਨਤਾ ਹੋਣ ਕਰਕੇ ਹੁੰਦੀ ਹੈ। ਇਸ ਲਈ ਪਾਪ ਜਾਂ ਗਲਤ ਕਰਮ ਇੱਕ ਗਿਆਨਤਮਕ ਗਲਤੀ ਹੁੰਦੇ ਹਨ। ਜੇ ਪਾਪ ਇੱਕ ਗਿਆਨਤਮਕ ਗਲਤੀ ਹੈ, ਤਾਂ ਇਹਦਾ ਹੱਲ ਵੀ ਗਿਆਨਤਮਕ ਪੱਧਰ 'ਤੇ ਹੋਣਾ ਚਾਹੀਦਾ ਹੈ। ਸਿਰਫ ਮੂਲ ਪੱਧਰ 'ਤੇ ਜਵਾਬ ਦੇਣਾ ਜਾਂ ਸਜ਼ਾ ਦੇਣੀ ਜਾਂ ਇਨਕਾਰ ਕਰਨਾ ਨਾ ਮਾਫ ਕਰਨ ਵਾਲੇ ਨੂੰ ਫਾਇਦਾ ਦੇਵੇਗਾ ਨਾ ਹੀ ਮਾਫ ਹੋਣ ਵਾਲੇ ਨੂੰ। ਭਾਰਤੀ ਦਰਸ਼ਨ ਦੇ ਸਾਰੇ ਪੰਥ ਅਗਿਆਨਤਾ ਨੂੰ ਜੀਵ ਦੀ ਆਤਮਿਕ ਯਾਤਰਾ ਵਿੱਚ ਸਭ ਤੋਂ ਵੱਡੀ ਰੁਕਾਵਟ ਮੰਨਦੇ ਹਨ, ਇਸ ਲਈ ਵਿਅਕਤੀ ਗਿਆਨ ਦੀ ਖੋਜ ਕਰਦਾ ਹੈ ਤਾਂ ਜੋ ਉਹ ਮੋਕਸ਼ ਪਾ ਸਕੇ। "An Introduction to Tantra Shastra" ਵਿੱਚ ਸਰ ਜੌਨ ਵੁੱਡਰਾਫ ਲਿਖਦੇ ਹਨ ਕਿ "ਗਿਆਨ (ਆਤਮਿਕ ਗਿਆਨ) ਨੂੰ ਅੱਗ ਵਜੋਂ ਉਚਾਰਿਆ ਗਿਆ ਹੈ ਕਿਉਂਕਿ ਇਹ ਸਾਰੇ ਕਰਮਾਂ ਨੂੰ ਸਾੜ ਦਿੰਦਾ ਹੈ ਅਤੇ ਇਹ ਤਮੋ ਗੁਣ ਨਾਲ ਜੁੜਿਆ ਹੁੰਦਾ ਹੈ। ਗਿਆਨ ਉਹ ਗਿਆਨ ਹੈ ਜੋ ਮੋਕਸ਼ ਦਿੰਦਾ ਹੈ।" ਇਹ ਗਿਆਨ ਹੀ ਮੋਕਸ਼ ਦੀ ਆਰਜਾ ਤੱਕ ਲੈ ਜਾਂਦਾ ਹੈ। ਦੂਜੇ ਦੀ ਅਗਿਆਨਤਾ ਦੇ ਗਿਆਨ ਨਾਲ ਹੀ ਮਾਫ ਕਰਨ ਵਾਲੇ ਅਤੇ ਪਾਪੀ ਦੋਹਾਂ ਦਾ ਮੋਕਸ਼ ਹੋ ਸਕਦਾ ਹੈ।

ਖਿਮਾ ਮੋਕਸ਼ ਹੈ। ਖਿਮਾ ਸਿਰਫ ਇੱਕ ਚਿਕਿਤਸਕ ਢੰਗ ਨਹੀਂ ਕਿ ਜਿਸ ਵਿੱਚ ਜ਼ਖਮ, ਦਰਦ ਜਾਂ ਗੁੱਸੇ ਨਾਲ "ਨਜਿੱਠਣ" ਦਾ ਕੋਈ ਢੰਗ ਲੱਭਿਆ ਜਾਵੇ, ਹਾਲਾਂਕਿ ਇਹ ਗੁੱਸੇ ਨੂੰ ਪਾਰ ਕਰਨ ਦੀ ਪ੍ਰਕਿਰਿਆ ਵਿੱਚ ਵੀ ਸ਼ਾਮਲ ਹੁੰਦੀ ਹੈ ਜੋ ਜ਼ਖਮ ਦੇ ਜਵਾਬ ਵਿੱਚ ਪੈਦਾ ਹੁੰਦਾ ਹੈ।

Gurukul International Multidisciplinary Research Journal (GIMRJ)*with* International Impact Factor 8.357
Peer Reviewed Journal
https://doi.org/10.69758/GIMRJ/2505S01V13P002

e-ISSN No. 2394-8426
Special Issue on Scientific Research May'25
Issue–V(I), Volume–XIII

ਖਿਮਾ ਇੱਕ ਗਿਆਨਤਮਕ ਸੁਧਾਰ ਹੈ। ਇਹ ਸਵੀਕਾਰ ਕਰਨਾ ਕਿ ਵਿਅਕਤੀ ਭੈੜਾ ਨਹੀਂ ਹੈ, ਸਗੋਂ ਉਸ ਦੇ ਗਿਆਨ ਵਿੱਚ ਘਾਟ ਹੈ, ਉਸ ਕੋਲ ਕਿਸੇ ਚੀਜ਼ ਨੂੰ ਨਜਿੱਠਣ ਲਈ ਅਧੂਰਾ ਗਿਆਨ ਜਾਂ ਨਜ਼ਰੀਆ ਹੈ। ਖਿਮਾ ਵਿਅਕਤੀ ਨਾਲ ਗਿਆਨਤਮਕ ਪੱਧਰ 'ਤੇ ਨਜਿੱਠਦੀ ਹੈ। ਪਾਪ ਕਿਸੇ ਵੀ ਰੂਪ ਵਿੱਚ ਹੋ ਸਕਦਾ ਹੈ, ਇਹ ਸਰੀਰਕ ਹਿੰਸਾ, ਬੋਲੀ ਰਾਹੀਂ ਜਾਂ ਮਨ ਵਿਚ ਵੀ ਹੋ ਸਕਦੀ ਹੈ। ਇਹ ਸਮਝਣਾ ਲਾਜ਼ਮੀ ਹੋ ਜਾਂਦਾ ਹੈ ਕਿ ਹਿੰਸਾ ਦੀ ਸਰੂਪਤਾ ਕੀ ਹੈ, ਇਸ ਦੇ ਉਤਪੱਤੀ ਦੇ ਕਾਰਨ ਕੀ ਹਨ ਅਤੇ ਇਸ ਨੂੰ ਰੋਕਣ ਦੇ ਤਰੀਕੇ ਕੀ ਹਨ, ਤਾਂ ਜੋ ਏਕਤਾ ਅਤੇ ਸਾਂਝ ਬਣੀ ਰਹੇ। ਹਿੰਸਾ ਦਾ ਉਭਾਰ ਸਿਰਫ਼ ਪਰ (other) ਦੀ ਉਭਰਤ ਨਾਲ ਹੀ ਹੁੰਦਾ ਹੈ। "ਮੈਂ/ਤੂੰ", "ਮੇਰਾ/ਤੇਰਾ" ਦੀ ਵੰਡ ਇਹ ਹਿੰਸਾ ਦੇ ਉਤਪੱਤੀ ਦੇ ਮੁੱਖ ਅਧਾਰ ਹਨ। ਮਨਾਂ ਦੇ ਅੰਦਰ ਲਗਾਤਾਰ 'ਦੂਜੇ ਨੂੰ ਬਣਾਉਣ' ਦੀ ਪ੍ਰਕਿਰਿਆ ਚੱਲ ਰਹੀ ਹੈ, ਆਪਣੇ ਆਪ ਨੂੰ ਦੂਜੇ ਤੋਂ ਵੱਖਰਾ ਕਰਨਾ, ਆਪਣੇ ਆਪ ਨੂੰ ਮਹੱਤਵਪੂਰਨ ਅਤੇ ਸ੍ਰੇਸ਼ਠ ਮੰਨਣਾ ਅਤੇ ਆਪਣੀ ਪਹਿਚਾਣ ਨੂੰ ਸ਼ਕਤੀਸ਼ਾਲੀ ਪ੍ਰਤੀਕ ਦੇਣਾ। ਇਹ ਸਾਰੀ ਪ੍ਰਕਿਰਿਆ ਸ਼੍ਰੇਣੀਬੰਦ ਅਤੇ ਅਧਿਕਾਰ ਦੀ ਸਥਾਪਨਾ ਵੱਲ ਲੈ ਜਾਂਦੀ ਹੈ।

ਪਰ ਇਹ ਸਾਰੀ ਪ੍ਰਕਿਰਿਆ ਦਾ ਗਿਆਨ ਕੇਵਲ ਉਦੋਂ ਹੀ ਸੰਭਵ ਹੈ ਜਦੋਂ ਵਿਅਕਤੀ ਆਪਣੇ ਆਪ ਨੂੰ ਸਥਿਤੀ ਤੋਂ ਵੱਖਰਾ ਕਰ ਲੈਂਦਾ ਹੈ ਅਤੇ ਜਦੋਂ ਉਹ ਕਿਸੇ ਨਿੱਜੀ ਲਾਭ ਜਾਂ ਬਦਲੇ ਦੀ ਭਾਵਨਾ ਤੋਂ ਮੁਕਤ ਹੋ ਜਾਂਦਾ ਹੈ। ਜੇ ਖਿਮਾ ਦੇਣ ਵਾਲਾ ਵਿਅਕਤੀ ਆਪਣਾ ਲਾਭ ਅਤੇ ਨੁਕਸਾਨ ਗਿਣਦਾ ਰਹੇ ਤਾਂ ਪੂਰੀ ਖਿਮਾ ਕਦੇ ਨਹੀਂ ਹੋ ਸਕਦੀ। ਖਿਮਾ ਦਾ ਸਰੂਪ ਇੱਕ ਦੂਰਦਰਸ਼ੀ ਕਿਰਿਆ ਹੈ, ਨਾ ਕਿ ਸਿਰਫ਼ ਕੋਈ ਧਾਰਮਿਕ ਜਾਂ ਮਿਸ਼ਨਰੀ ਉਪਲਬਧੀ।

**ਸਿੱਖ ਦ੍ਰਿਸ਼ਟੀਕੋਣ: ਸਿੱਖ ਅਨੁਭਵਾਤਮਕ ਪੱਖ**

ਸਿੱਖ ਅਨੁਭਵ ਦਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਉਤਪੰਨ ਹੁੰਦਾ ਹੈ। ਸਿੱਖ ਫਲਸਫਾ ਅਤੇ ਸਿੱਖ ਸੋਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੋਸ਼ਨੀ ਹੇਠ ਸ਼ਬਦ ਦੇ ਨਜ਼ਰੀਏ ਰਾਹੀਂ ਵਿਕਸਤ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੋ ਅਧਿਆਤਮਿਕ ਜਗਤ ਪਰਗਟ ਹੁੰਦਾ ਹੈ, ਉਹ ਕਿਸੇ ਇਕ ਜਾਤੀ ਜਾਂ ਸਮੁਦਾਇਕ ਸੁਭਾਵ ਦਾ ਪ੍ਰਤੀਨਿਧਿਤ ਨਹੀਂ ਕਰਦਾ, ਬਲਕਿ ਇਹ ਬਹੁਵਚਨਤਾਵਾਦੀ ਸੁਭਾਵ ਵਾਲਾ ਹੈ। ਇਸ ਵਿੱਚ ਵੱਖ-ਵੱਖ ਅਧਿਆਤਮਿਕ ਸੱਚਾਈਆਂ ਅਤੇ ਸੱਤਾਵਾਂ ਆਪਸ ਵਿੱਚ ਰਲਮਿਲ ਜਾਂਦੀਆਂ ਹਨ, ਇਕ-ਦੂਜੇ ਵਿੱਚ ਲੀਨ ਹੋ ਜਾਂਦੀਆਂ ਹਨ ਅਤੇ ਆਪਸੀ ਪਾਰਦ੍ਰਿਸ਼ਟਤਾ ਪ੍ਰਾਪਤ ਕਰਦੀਆਂ ਹਨ। ਇਹ ਇੱਕ ਅਧਿਆਤਮਿਕ ਏਕਤਾ ਦਾ ਸੰਕੇਤ ਹੈ। ਜਾਤ, ਧਰਮ, ਮਤ, ਜਾਂ ਅਨੇਕ ਵਿਸ਼ਵਾਸਾਂ ਦੀਆਂ ਭਿੰਨਤਾਵਾਂ ਇੱਥੇ ਕਿਸੇ ਸਿਰਲੇਖ ਜਾਂ ਵੱਖਰੇ ਪੱਧਰ 'ਤੇ ਨਹੀਂ ਰੱਖੀਆਂ ਗਈਆਂ, ਸਗੋਂ ਇਹ ਸਾਰੀਆਂ ਗੱਲਾਂ ਪਰਗਟ ਕੀਤੀ ਗਈ ਬਾਣੀ ਵਿੱਚ ਇੱਕਤਾ ਵਿੱਚ ਮਿਲ ਜਾਂਦੀਆਂ ਹਨ। ਭਗਤੀ ਅੰਦੋਲਨ ਦੇ ਸੰਤਾਂ ਅਤੇ ਸੂਫ਼ੀ ਕਵੀਆਂ ਨੇ ਇੱਥੇ ਇੱਕ ਸਾਂਝੀ ਜਗ੍ਹਾ ਲੱਭੀ। ਗੁਰਮੁਖੀ ਲਿਪੀ ਵਿੱਚ ਲਿਖੇ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ ਵੱਖ ਭਾਸ਼ਾਵਾਂ ਜਿਵੇਂ ਕਿ ਲਹਿੰਦੀ (ਪੱਛਮੀ ਪੰਜਾਬੀ), ਬ੍ਰਜ, ਸੰਸਕ੍ਰਿਤ, ਸਿੰਧੀ, ਮਲਤਾਨੀ, ਗੁਜਰਾਤੀ ਅਤੇ ਡੋਗਰੀ ਵਰਤੀ ਗਈਆਂ ਹਨ। ਵੱਖ-ਵੱਖ ਭੂਗੋਲਿਕ ਖੇਤਰਾਂ ਤੋਂ ਆਏ ਹੋਏ ਹਿੰਦੂ ਤੇ ਮੁਸਲਮਾਨ ਸੰਤਾਂ ਦੀਆਂ ਬਾਣੀਆਂ, ਜਿਨ੍ਹਾਂ ਨੇ ਵੱਖ ਵੱਖ ਢੰਗ ਨਾਲ ਸੱਚ ਦਾ ਅਨੁਭਵ ਕੀਤਾ, ਸ਼ਾਮਲ ਕੀਤੀਆਂ ਗਈਆਂ ਹਨ।

ਇਹ ਸਹਿ-ਅਸਤਿਤਵ ਇਨ੍ਹਾਂ ਮਹੱਤਵਪੂਰਨ ਹੈ ਕਿ ਇਹ ਨੇਕੀ, ਧਰਮ, ਯਾਦ ਅਤੇ ਪਹਿਚਾਣ ਦੀ ਇਕ ਵਿਲੱਖਣ ਤੱਤ ਵਿਗਿਆਨ (ontology) ਦੇ ਵਿਕਾਸ ਦੀ ਨਿਸ਼ਾਨੀ ਬਣ ਜਾਂਦਾ ਹੈ, ਜਿਵੇਂ ਕਿ ਇਹ ਬਹੁਤ ਸਾਰੀਆਂ ਊਰਜਾਵਾਂ ਦਾ ਇਕ ਕੇਂਦਰ ਬਣ ਜਾਂਦਾ ਹੈ। ਬਾਣੀ, ਸੰਗੀਤ, ਕਲਾ, ਸਰੀਰ, ਸੰਸਾਰ ਅਤੇ ਇਤਿਹਾਸ ਇਹ ਸਭ ਕੁਝ ਇੱਕ-ਦੂਜੇ ਨਾਲ ਸੰਵਾਦ ਅਤੇ ਏਕਤਾ ਵਿੱਚ ਰੱਖੇ ਜਾਂਦੇ ਹਨ।[1]

[1] "it marked the evolution of distinct ontology/ faith/ memory/ identity as it becomes a site of multiple energies. Bani/ music/ architecture/ arts/ body/ world/ history are placed in multilogue/ unicity." (Randhawa 66)

ਇਹ ਸਹਿ-ਅਸਤਿਤਵ ਕਿਸੇ ਜ਼ਬਰਦਸਤੀ ਨਹੀਂ, ਬਲਕਿ ਇਕ ਸੁਭਾਵਿਕ, ਸੁਰੀਲੇ, ਏਕਾਤਮਕ ਅਤੇ ਸਮੂਹਿਕ ਖਿੜਾਅ ਵਾਲੇ ਰੂਪ ਵਿੱਚ ਹੁੰਦਾ ਹੈ। ਇੱਥੇ ਵਿਰੋਧਾਂ ਦੀ ਖੰਡਤਾ ਮਿਟ ਜਾਂਦੀ ਹੈ ਅਤੇ ਇਹ ਮਿਲਾਪ ਜਾਂ ਤਰਕ-ਵਾਦ ਰਾਹੀਂ ਨਹੀਂ, ਸਗੋਂ ਪ੍ਰਕਾਸ਼ਨਾਤਮਕ ਪੁਨਰ-ਸੰਰਚਨਾ ਰਾਹੀਂ ਹੋਂਦ ਹੈ।

ਇੱਥੇ ਇਸ ਅਧਿਆਤਮਕ ਏਕਤਾ ਨੂੰ ਪੇਸ਼ ਕਰਨ ਦਾ ਮੰਤਵ ਜੀਵਨ ਦੇ ਮੂਲ ਸੁਭਾਅ ਨੂੰ ਸਮਝਾਉਣਾ ਅਤੇ ਮੁਕਤੀ ਲਈ ਗਿਆਨਾਤਮਕ ਸੰਬੰਧ ਨੂੰ ਦਰਸਾਉਣਾ ਹੈ। ਸਿੱਖ ਅਨੁਭਵ ਵਿੱਚ ਅਸਤਿਤਵ (being) ਨੂੰ ਕਿਸੇ ਭੀ ਸਮਾਜਿਕ ਜਾਂ ਭੌਤਿਕ ਵਰਗੀਕਰਣ, ਜਾਂ ਭੂਗੋਲਿਕ ਹੱਦਬੰਧੀਆਂ ਵਿੱਚ ਪਰਿਭਾਸ਼ਤ ਨਹੀਂ ਕੀਤਾ ਜਾਂਦਾ, ਬਲਕਿ ਇਸ ਨੂੰ 'ਗੁਰਮੁਖ' ਅਤੇ 'ਮਨਮੁਖ' ਦੀਆਂ ਸ਼੍ਰੇਣੀਆਂ ਰਾਹੀਂ ਸਮਝਿਆ ਜਾਂਦਾ ਹੈ।

**ਗੁਰਮੁਖ** ਉਹ ਹੈ ਜੋ ਗੁਰੂ ਵੱਲ ਮੁੜਿਆ ਹੋਇਆ ਹੈ, ਜੋ ਗੁਰੂ ਦੀ ਰੋਸ਼ਨੀ ਵਿੱਚ ਮੈਟਾ-ਅਧਿਆਤਮਿਕ ਗਿਆਨ ਨੂੰ ਦੇਖਦਾ ਤੇ ਅਨੁਭਵ ਕਰਦਾ ਹੈ। ਉਸ ਦੀ ਮਹਾਨ ਦ੍ਰਿਸ਼ਟੀ ਕਿਸੇ ਵੀ ਘਟਨਾ ਨੂੰ ਇੱਕ ਗਹਿਰੀ ਅਧਿਆਤਮਿਕ ਪੱਧਰ 'ਤੇ ਵੇਖਦੀ ਹੈ। ਇਸਦਾ ਅਰਥ ਇਹ ਹੈ ਕਿ ਉਹ ਘਟਨਾ ਨੂੰ ਸਿਰਫ਼ ਭਾਵਨਾਤਮਕ ਜਾਂ ਮਨੋਵਿਗਿਆਨਿਕ ਪੱਧਰ 'ਤੇ ਨਹੀਂ ਵੇਖਦਾ। ਉਹ ਘਟਨਾ ਦੇ ਮੂਲ ਕਾਰਨ ਨੂੰ ਸਰੀਰਕ ਜਾਂ ਮਾਨਸਿਕ ਕਾਰਨ-ਪਰਿਣਾਮ ਦੀ ਲੜੀ ਵਿਚ ਨਹੀਂ ਲੱਭਦਾ, ਕਿਉਂਕਿ ਉਹ ਘਟਨਾ ਦੇ ਮੂਲ ਨੂੰ ਸੰਸਾਰਿਕ ਰਚਨਾ ਦੇ ਆਪਸੀ ਜੁੜਾਅ ਵਾਲੇ ਤਜਰਬੇਕਾਰੀ ਗਿਆਨ ਰਾਹੀਂ ਸਮਝਦਾ ਹੈ। ਇਹ ਗਿਆਨ ਉਸ ਨੂੰ ਘਟਨਾ ਦੀ ਸ਼ੁਰੂਆਤ ਨੂੰ ਅਤਿ-ਚੇਤਨ ਪੱਧਰ (supramental realm) 'ਚ ਵੇਖਣ ਦੀ ਸਮਰਥਾ ਦਿੰਦਾ ਹੈ। ਇਹੀ ਹੈ "ਹੁਕਮ" ਦਾ ਖੇਤਰ।

**ਹੁਕਮੈ ਅੰਦਰ ਸਭੁ ਕੋ ਬਾਹਰਿ ਹੁਕਮ ਨ ਕੋਇ॥**[2]

ਜਿਵੇਂ ਕਿ ਗੁਰਮੁਖ ਪਰਾ-ਚੇਤਨ ਅਨੁਭਵ ਵਿੱਚ ਪ੍ਰਗਾਸਿਆ ਹੋਇਆ ਹੁੰਦਾ ਹੈ, ਇਸ ਲਈ ਉਹ ਦੂਜੇ ਦੀ ਗਲਤੀ ਜਾਂ ਪਾਪ ਦਾ ਕਾਰਣ ਆਪਣੇ ਅੰਦਰ ਖੋਜਦਾ ਹੈ ਅਤੇ ਘਟਨਾ ਵਿੱਚ ਆਪਣੀ ਸਥਿਤੀ ਨੂੰ ਸਮਝਦਾ ਹੈ। (P. P. Singh) ਇਸ ਤਜਰਬੇਕਾਰੀ ਅਧਿਆਤਮਿਕਤਾ ਵਿੱਚ ਗੁਰਮੁਖ ਦੂਜੇ ਦੀ ਨਿੰਦਾ ਜਾਂ ਦੋਸ਼ ਲਗਾਉਣ ਦੀ ਥਾਂ ਆਪਣੇ ਅੰਦਰ ਝਾਤੀ ਮਾਰਦਾ ਹੈ। ਉਹ ਸਮਝਦਾ ਹੈ ਕਿ ਸੰਸਾਰ ਵਿੱਚ ਹੋ ਰਹੀ ਹਰ ਘਟਨਾ ਕੋਈ ਬਾਹਰੀ ਟਕਰਾਅ ਨਹੀਂ, ਸਗੋਂ ਇੱਕ ਅੰਦਰੂਨੀ ਜਾਗਰੂਕਤਾ ਦੀ ਜਾਗ ਹੈ। ਇਸੇ ਕਰਕੇ, ਉਹ ਵਿਅਕਤੀਗਤ ਰੂਪ ਵਿੱਚ ਜ਼ਿੰਮੇਵਾਰੀ ਮਹਿਸੂਸ ਕਰਦਾ ਹੈ ਤੇ ਆਪਣੇ ਆਪ 'ਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਇਹ ਸਿੱਖ ਧਰਮ ਵਿੱਚ ਆਤਮ-ਵਿਚਾਰ ਅਤੇ ਆਤਮ-ਸੰਬੰਧੀ ਜ਼ਿੰਮੇਵਾਰੀ ਦੇ ਸੰਕਲਪ ਨੂੰ ਦਰਸਾਉਂਦਾ ਹੈ। ਜਿੱਥੇ ਮੂਲ ਤਬਦੀਲੀ ਬਾਹਰੀ ਦੁਨੀਆ ਨੂੰ ਦੋਸ਼ ਦੇਣ ਨਾਲ ਨਹੀਂ, ਸਗੋਂ ਆਪਣੇ ਅੰਦਰੋਂ ਸ਼ੁਰੂ ਹੁੰਦੀ ਹੈ।

ਦੂਜੇ ਪਾਸੇ ਮਨਮੁਖ ਉਹ ਹੈ ਜੋ ਆਪਣੇ ਇਕਾਂਤਕ ਅਹੰਕਾਰ ਵਾਲੇ ਸਵੈ ਸਰੂਪ ਵੱਲ ਮੂੰਹ ਕਰਦਾ ਹੈ। ਮਨਮੁਖ ਦੇ ਕਰਮ ਖੁਦਗਰਜ਼ ਹੁੰਦੇ ਹਨ, ਚਾਹੇ ਉਹ ਸਰੀਰਕ, ਭਾਵਨਾਤਮਕ ਜਾਂ ਨੈਤਿਕ ਹੋਣ।

**ਦੂਜੇ ਨਾਲ ਸੰਬੰਧ**

ਦੂਜੇ ਨਾਲ ਸੰਬੰਧ ਇੱਥੇ ਵਿਚਾਰ ਕਰਨ ਲਈ ਮੁੱਖ ਮਹੱਤਤਾ ਰੱਖਦਾ ਹੈ। ਦੂਜਾ ਕਦੇ ਵੀ ਇੱਕ ਅਸਥਿਰ ਵਿਰੋਧੀ ਸਥਿਤੀ ਹਾਸਲ ਨਹੀਂ ਕਰਦਾ। ਇਹ ਇਸ ਲਈ ਹੈ ਕਿਉਂਕਿ ਆਤਮ ਤੇ ਅਨਾਤਮ ਦੀ ਦੁਹਾਈ ਬਹੁਤ ਹੀ ਮੁਢਲੇ ਪੱਧਰ 'ਤੇ ਸਮਾਪਤ ਹੋ ਜਾਂਦੀ ਹੈ। ਸਕਾਰਾਤਮਕ ਤੌਰ 'ਤੇ ਦੂਜਾ ਸਖੀ ਬਣ ਜਾਂਦਾ ਹੈ (ਆਤਮਾ ਦੇ ਨਾਰੀ ਰੂਪ ਦਾ ਮਿੱਤਰ)। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰੀਤ ਮਾਰਗ ਮੂਲ ਰੂਪ ਵਿੱਚ ਮੌਜੂਦ ਹੈ। ਸਾਰੇ ਸਾਥੀ ਸਖੀਆਂ ਹਨ। ਜਦ ਸਾਰੇ ਹੀ ਦੋਸਤ ਹੋਂਣ ਤਾਂ ਕੋਈ ਵੀ ਬਦਲੇ ਦੀ ਭਾਵਨਾ ਨਹੀਂ ਰਹਿੰਦੀ। ਇਸੇ ਕਰਕੇ, ਉਹਨਾਂ ਦੇ ਕਰਮ ਪੂਰੀ ਤਰ੍ਹਾਂ ਉਸ ਕੜਵਾਹਟ ਤੋਂ ਰਹਿਤ ਹੁੰਦੇ ਹਨ ਜੋ ਆਮ ਤੌਰ 'ਤੇ ਕੋਈ ਵਿਅਕਤੀ ਤਦ ਤੱਕ ਆਪਣੇ ਮਨ

[2] )ਗੁਰੂ ਗ੍ਰੰਥ ਸਾਹਿਬ ੧(

ਵਿੱਚ ਰੱਖਦਾ ਹੈ ਜਦ ਤੱਕ ਉਹ ਦੂਜੇ ਨੂੰ ਮਾਫ਼ ਨਹੀਂ ਕਰਦਾ। ਇਹੀ ਹੈ ਜੀਵਨ ਮੁਕਤ (ਆਤਮਕ ਤੌਰ 'ਤੇ ਮੁਕਤ ਵਿਅਕਤੀ) ਦੇ ਕਰਮਾਂ ਦੀ ਵਿਸ਼ਾਲ ਭਾਵਨਾ ਹੈ। ਉਹ ਵਿਅਕਤੀ ਜੋ ਅੰਦਰੋਂ ਮੁਕਤ ਹੋ ਚੁੱਕਾ ਹੈ, ਉਹ ਦੂਜਿਆਂ ਨਾਲ ਪਿਆਰ, ਦਇਆ ਅਤੇ ਸਮਝਦਾਰੀ ਨਾਲ ਭਰਪੂਰ ਰਵੱਈਆ ਰੱਖਦਾ ਹੈ, ਕੋਈ ਵੈਰ-ਵਿਰੋਧ ਜਾਂ ਅਣਮਿੱਠੀਆਂ ਯਾਦਾਂ ਦਾ ਬੋਝ ਨਹੀਂ ਚੁੱਕਦਾ ਹੈ।

ਖਿਮਾ ਦੇ ਕਰਮ ਅਹੰਕਾਰ ਤੋਂ ਉੱਪਰ ਚੜ੍ਹਨ ਦੇ ਕਰਮ ਹਨ। ਜੋ ਵਿਅਕਤੀ ਬਦਲਾ ਲੈਣ ਦੀ ਇੱਛਾ ਨਾਲ ਭਰਿਆ ਹੋਇਆ ਹੁੰਦਾ ਹੈ, ਉਹ ਅਸਲ ਵਿੱਚ ਆਪਣੇ ਅਹੰਕਾਰ ਦੀ ਪਕੜ 'ਚ ਹੁੰਦਾ ਹੈ। ਖਿਮਾ ਕਰਨ ਦੇ ਕਰਮ, ਸੇਵਾ ਜਾਂ ਦਾਨ ਦੇ ਕਰਮਾਂ ਵਾਂਗ ਹੀ ਨੇਕ ਅਤੇ ਨਿਰਮਲ ਹੁੰਦੇ ਹਨ।

ਇਹ ਕਰਮ ਆਪਣੀ 'ਅਹੰਕਾਰਕ ਹਸਤੀ' ਤੋਂ ਪਾਰ ਜਾ ਕੇ, ਦੂਜੇ ਨੂੰ ਸਮਝਣ, ਸਵੀਕਾਰਣ ਅਤੇ ਉਸ ਦੀ ਭਲਾਈ ਦੀ ਚਿੰਤਾ ਕਰਨ ਵਾਲੇ ਹੁੰਦੇ ਹਨ। ਇਸ ਤਰ੍ਹਾਂ ਮਾਫ਼ ਕਰਨਾ ਸਿਰਫ ਕਿਸੇ ਨੂੰ ਛੱਡਣਾ ਨਹੀਂ, ਸਗੋਂ ਆਪਣੇ ਆਪ ਨੂੰ ਉੱਚੇ ਆਤਮਕ ਦਰਜੇ 'ਤੇ ਲਿਜਾਣਾ ਵੀ ਹੈ।

**ਖਿਮਾ ਲਈ ਜ਼ਰੂਰੀ ਸ਼ਰਤ**

ਇਹ ਸਭ ਤੋਂ ਉੱਚਾ ਆਦਰਸ਼ ਜੋ ਸਿੱਖਾਂ ਦੀ ਸਮਾਜਿਕ ਨੈਤਿਕਤਾ ਵਿੱਚ ਹੈ, ਭਾਈ ਗੁਰਦਾਸ ਜੀ ਵਲੋਂ ਵੀ ਬੜੀ ਜ਼ੋਰ ਦੇ ਨਾਲ ਉਚਾਰਿਆ ਗਿਆ ਹੈ। ਉਹ ਕਹਿੰਦੇ ਹਨ, "ਵਿਰਲਾ ਹੀ ਕੋਈ ਹੋਵੇ ਜੋ ਉਨ੍ਹਾਂ ਲਈ ਭੀ ਚੰਗਾ ਕਰੇ ਜੋ ਉਨ੍ਹਾਂ ਨਾਲ ਬੁਰਾ ਕਰਦੇ ਹਨ, ਜਿਵੇਂ ਰੁੱਖ ਉਨ੍ਹਾਂ ਲਈ ਵੀ ਫਲ ਪੈਦਾ ਕਰਦਾ ਹੈ ਜੋ ਉਸ ਉੱਤੇ ਪਥਰ ਸੁੱਟਦੇ ਹਨ।" ਰੁੱਖ, ਰੂਈ ਦਾ ਬੀਜ ਅਤੇ ਚੰਦਨ ਰੁੱਖ ਦੇ ਉਦਾਹਰਨਾਂ ਨੂੰ ਉਹ ਆਪਣੀਆਂ ਵਾਰਾਂ ਵਿੱਚ ਵਿਆਪਕ ਤੌਰ 'ਤੇ ਵਰਤਦੇ ਹਨ, ਜੋ ਦੱਸਦੇ ਹਨ ਕਿ ਦੂਜੇ ਦੀ ਭਲਾਈ ਦੀ ਨਿਸ਼ਕਾਮ ਤਲਾਸ਼ ਵਿੱਚ ਕਿਵੇਂ ਚੰਗਾਈ ਪ੍ਰਗਟ ਹੁੰਦੀ ਹੈ।

**ਨਿਸ਼ਕਾਮਤਾ (Selflessness):**

ਨਿਸ਼ਕਾਮਤਾ ਸਿੱਖ ਜੀਵਨ ਦੀ ਜ਼ਰੂਰੀ ਅਤੇ ਸਭ ਤੋਂ ਮੁੱਖ ਸ਼ਰਤ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:
ਪਹਿਲਾ ਮਰਣੁ ਕਬੂਲਿ ਜੀਵਨ ਕੀ ਛਡ ਆਸ।
ਹਉਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੇ ਪਾਸ।। (ਗੁਰੂ ਗ੍ਰੰਥ ਸਾਹਿਬ 1102)

ਇਹ ਨਿਸ਼ਕਾਮਤਾ ਕਈ ਰੂਪਾਂ ਅਤੇ ਰੰਗਾਂ ਵਿੱਚ ਪ੍ਰਗਟ ਹੁੰਦੀ ਹੈ, ਜੋ ਸੇਵਾ ਅਤੇ ਸਿਮਰਨ ਰਾਹੀਂ ਦਰਸਾਈ ਜਾਂਦੀ ਹੈ। ਸੇਵਾ ਅਤੇ ਸਿਮਰਨ ਵਿਚਕਾਰ ਅੰਤਰ-ਸੰਬੰਧ ਹੈ। ਮਨੁੱਖਤਾ ਦੀ ਸੇਵਾ ਦਾ ਇਹ ਸਿਧਾਂਤ ਧਿਆਨ ਲਈ ਵੀ ਲਾਜ਼ਮੀ ਹੈ। ਗੁਰੂ ਦੁਆਰਾ ਦਿੱਤੀ ਗਈ ਇਹ ਸੇਵਾ ਦੀ ਸੰਕਲਪ ਸਮਾਜਿਕ ਰਿਸ਼ਤਿਆਂ ਵਿਚਕਾਰ ਇਹ ਤਰੀਕੇ ਨਾਲ ਵਿਆਖਿਆ ਕੀਤੀ ਗਈ ਹੈ:
"ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।"[3]

ਇਸ ਉਪਦੇਸ਼ ਰਾਹੀਂ ਗੁਰੂ ਜੀ ਨੇ ਦੱਸਿਆ ਕਿ ਮਨੁੱਖੀ ਸੇਵਾ ਨੂੰ ਕੋਈ ਸੀਮਾ, ਧਰਮ ਜਾਂ ਜਾਤਿ-ਪਾਤਿ ਦੀ ਲਕੀਰ ਨਹੀਂ ਰੋਕ ਸਕਦੀ। ਸੇਵਾ ਅਤੇ ਸਿਮਰਨ ਦੁਨੀਆਂ ਅਤੇ ਆਤਮਿਕ ਜੀਵਨ ਦੇ ਦੋ ਪੱਖ ਹਨ ਜੋ ਇੱਕ ਦੂਜੇ ਦੇ ਬਿਨਾ ਅਧੂਰੇ ਹਨ।

**ਨਿਰਵੈਰਤਾ:**

ਨਿਸ਼ਕਾਮਤਾ ਦੀ ਸ਼ੁੱਧ ਭਾਵਨਾ ਵੈਰ ਦੀ ਭਾਵਨਾ ਨੂੰ ਖਤਮ ਕਰ ਦਿੰਦੀ ਹੈ। ਜੇ ਬਦਲੇ ਦੀ ਭਾਵਨਾ ਅਜੇ ਵੀ ਹੋਵੇ, ਤਾਂ ਇਹ ਜਾਣ ਲੈਣਾ ਚਾਹੀਦਾ ਹੈ ਕਿ ਅਜੇ ਸਵੈ ਅਨੁਭਵ ਦੀ ਲੋੜ ਹੈ। ਜਿਵੇਂ ਫਰੀਦ ਜੀ ਕਹਿੰਦੇ ਹਨ:
ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥

[3] (ਅਕਾਲ ਉਸਤਤ, ਦਸਮ ਗ੍ਰੰਥ)

ਅਪੁਨੜੇ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥੭॥[4]

**ਖਿਮਾ ਤੋਂ ਵੀ ਅੱਗੇ: ਇਕਮੱਖੀ ਚੰਗਾਈ ਦੀ ਖੋਜ**

ਫਰੀਦ ਜੀ ਹੋਰ ਕਹਿੰਦੇ ਹਨ:

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹੰਢਾਇ॥[5]

ਚੰਗਾ ਅਤੇ ਮਾੜਾ ਹੋਣ ਦੇ ਨੈਤਿਕ ਗੁਣ ਸਿਰਫ ਕਰਮਾਂ ਦੀ ਪਰਸਪਰ ਪ੍ਰਤੀਕ੍ਰਿਆ ਉੱਤੇ ਆਧਾਰਿਤ ਨਹੀਂ ਹਨ। ਗੁਰਮੁਖ 'ਚੰਗੇ' ਨੂੰ ਪ੍ਰਤੀਕ੍ਰਿਆ ਵਾਲੇ ਸੰਬੰਧਾਂ ਤੋਂ ਆਜ਼ਾਦ ਕਰ ਦਿੰਦਾ ਹੈ, ਇੱਥੇ 'ਚੰਗਾ' ਉਸਨੂੰ ਇੱਕ 'ਇਕਮੱਖੀ' ਅਸਤਿਤਵ ਵਜੋਂ ਨਜ਼ਰ ਆਉਂਦਾ ਹੈ। ਇਸਦਾ ਮਤਲਬ ਇਹ ਹੈ ਕਿ ਉਸ ਕੋਲ ਹਮੇਸ਼ਾ ਚੰਗਾ ਹੀ ਹੋਣ ਲਈ ਕੁਝ ਹੁੰਦਾ ਹੈ, ਚਾਹੇ ਸਾਹਮਣੇ ਚੰਗਾ ਮਿਲੇ ਜਾਂ ਮਾੜਾ।

**ਸਿੱਖ ਅਭਿਵਿਅਕਤੀ ਦੇ ਕੁਝ ਉਦਾਹਰਨ**

ਉਪਰੋਕਤ ਵਿਚਾਰਾਂ ਨੂੰ ਸਿੱਖ ਇਤਿਹਾਸ ਅਤੇ ਸਿੱਖ ਅਭਿਵਿਅਕਤੀ ਰਾਹੀਂ ਹੋਰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਪਹਿਲੀ ਸਾਖੀ ਮੁਕਤਸਰ ਦੀ ਲੜਾਈ ਦਾ ਹੈ, ਜੋ ਖਿਮਾ ਅਤੇ 40 ਮੁਕਤਿਆਂ ਦੀ ਮੁਕਤੀ ਲਈ ਜਾਣੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਮੁਕਤ ਘੋਸ਼ਤ ਕੀਤਾ ਅਤੇ ਨਾ ਸਿਰਫ਼ ਧੋਖੇ ਦੇ ਭਾਰ ਤੋਂ ਮੁਕਤ ਕੀਤਾ, ਸਗੋਂ ਜਨਮ-ਮਰਨ ਦੇ ਚੱਕਰ ਤੋਂ ਵੀ।

29 ਦਸੰਬਰ 1705 ਨੂੰ ਆਨੰਦਪੁਰ ਸਾਹਿਬ ਦੇ ਘੇਰੇ ਤੋਂ ਬਾਅਦ ਇੱਕ ਇਤਿਹਾਸਕ ਘਟਨਾ ਵਾਪਰੀ, ਜਿਸ ਵਿੱਚ ਸਿੱਖ ਧਰਮ ਦੇ ਸੰਦਰਭ ਵਿੱਚ ਗੁਰੂ ਗੋਬਿੰਦ ਸਿੰਘ ਜੀ ਵਲੋਂ ਵੱਡੇ ਹਿਰਦੇ ਅਤੇ ਖਿਮਾ ਦੀ ਭਾਵਨਾ ਦਾ ਪ੍ਰਗਟਾਵਾ ਹੋਇਆ। 1704 ਵਿੱਚ ਮੁਗਲਾਂ ਅਤੇ ਪਹਾੜੀ ਰਾਜਿਆਂ ਦੀ ਸਾਂਝੀ ਫੌਜ ਵਲੋਂ ਆਨੰਦਪੁਰ ਦਾ ਲੰਮਾ ਘੇਰਾ ਲਾਇਆ ਗਿਆ ਸੀ, ਜਿਸ ਕਾਰਨ 40 ਸਿੱਖਾਂ ਦੀ ਅਗਵਾਈ ਮਹਾਂ ਸਿੰਘ ਨੇ ਕੀਤੀ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਆਪਣੀ ਨਿਭਾਏ ਹੋਏ ਫਰਜ ਤੋਂ ਹੱਥ ਖਿੱਚ ਲਿਆ। ਗੁਰੂ ਜੀ ਨੇ ਉਨ੍ਹਾਂ ਨੂੰ ਲਿਖਤੀ ਰੂਪ ਵਿੱਚ ਆਪਣੀ ਸਿੱਖ ਹੋਣ ਛੱਡਣ ਦਾ ਉਲੇਖ ਕਰਕੇ ਦਸਤਖਤ ਕਰ ਦਿੱਤੇ।

ਇਹਨਾਂ ਨਾਰਾਜ਼ ਸਿੱਖਾਂ ਨੇ ਅਗਲੇ ਪੜਾਅ ਵਿੱਚ ਝਬਾਲ ਪਿੰਡ ਦਾ ਰੁਖ ਕੀਤਾ, ਜਿੱਥੇ ਮਾਈ ਭਾਗੋ ਨਾਮਕ ਸਿੱਖ ਔਰਤ ਦੀ ਦਖਲਅੰਦਾਜ਼ੀ ਨੇ ਉਨ੍ਹਾਂ ਦੇ ਮਨ ਨੂੰ ਬਦਲਣ ਵਿੱਚ ਭੂਮਿਕਾ ਨਿਭਾਈ। ਉਸ ਦੀ ਭਾਵੁਕ ਬੇਨਤੀ ਕਾਰਨ ਉਨ੍ਹਾਂ ਨੇ ਆਪਣਾ ਫੈਸਲਾ ਮੁੜ ਸੋਚਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਕੋਲ ਵਾਪਸੀ ਦਾ ਨਿਰਣੇ ਲਿਆ।

ਉਨ੍ਹਾਂ ਨੇ ਖਿਦਰਾਣੇ ਦੀ ਢਾਬ ਨੇੜੇ ਗੁਰੂ ਜੀ ਨਾਲ ਮੁਲਾਕਾਤ ਕੀਤੀ ਅਤੇ ਮੁਗਲਾਂ ਖ਼ਿਲਾਫ਼ ਹੋਈ ਲੜਾਈ ਵਿੱਚ ਭਾਗ ਲਿਆ, ਜਿਸ ਵਿੱਚ ਉਨ੍ਹਾਂ ਨੇ ਵਿਰੋਧੀਆਂ ਨੂੰ ਹਰਾਇਆ। ਪਰ ਦੁੱਖ ਦੀ ਗੱਲ ਇਹ ਸੀ ਕਿ ਇਹਨਾਂ 40 ਸਿੱਖਾਂ ਨੇ ਇਸ ਯੁੱਧ ਦੌਰਾਨ ਆਪਣੀ ਜਾਨ ਗਵਾ ਦਿੱਤੀ। ਲੜਾਈ ਮਗਰੋਂ, ਗੁਰੂ ਗੋਬਿੰਦ ਸਿੰਘ ਜੀ ਨੂੰ ਮਹਾਂ ਸਿੰਘ ਜਿਉਂਦਾ ਮਿਲਿਆ। ਗੁਰੂ ਜੀ ਨੇ ਉਸ ਨੂੰ ਆਪਣੀ ਬਾਹਾਂ ਵਿੱਚ ਚੁੱਕ ਲਿਆ ਅਤੇ ਖੁਸ਼ ਹੋ ਕੇ ਕਿਹਾ ਕਿ ਉਹ ਜੋ ਮੰਗੇਗਾ, ਉਹ ਮਿਲੇਗਾ। ਮਹਾਂ ਸਿੰਘ ਨੇ ਖਿਮਾ ਦੀ ਬੇਨਤੀ ਕੀਤੀ ਅਤੇ ਲਿਖਤੀ ਦਸਤਾਵੇਜ਼ ਨੂੰ ਰੱਦ ਕਰਨ ਦੀ ਅਰਜ਼ੋਈ ਕੀਤੀ। ਗੁਰੂ ਜੀ ਨੇ ਉਸ ਦਸਤਾਵੇਜ਼ ਨੂੰ ਫਾੜ ਦਿੱਤਾ ਅਤੇ ਉਸਨੂੰ ਤੇ ਉਸ ਦੇ ਸਾਥੀਆਂ ਨੂੰ ਆਤਮਕ ਅਤੇ ਲੌਕਿਕ ਦੋਵਾਂ ਤੌਰਾਂ ਤੇ ਮੁਕਤੀ ਦੇ ਦਾਤਾ ਬਣੇ।

[4] (ਗੁਰੂ ਗ੍ਰੰਥ ਸਾਹਿਬ ੧੩੭੭)

[5] (ਗੁਰੂ ਗ੍ਰੰਥ ਸਾਹਿਬ ੧੩੮੧)

ਇਹ ਸਾਖੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨਤਾ ਅਤੇ ਖਿਮਾ ਦੀ ਸਮਰਥਾ ਦਾ ਪ੍ਰਤੀਕ ਹੈ। ਉਨ੍ਹਾਂ ਬੇਦਾਵੇ ਸਿੱਖਾਂ ਨੂੰ "ਚਾਲੀ ਮੁਕਤੇ" ਵਜੋਂ ਮੰਨਿਆ ਗਿਆ। ਇਨ੍ਹਾਂ ਦੀ ਯਾਦ 'ਚ ਬਣਿਆ ਗੁਰਦੁਆਰਾ ਮੁਕਤਸਰ ਸਾਹਿਬ, ਜਿਸਦਾ ਅਰਥ ਹੈ "ਮੁਕਤੀ ਦਾ ਸਰੋਵਰ", ਸਿੱਖ ਪੰਥ ਵਿੱਚ ਖਿਮਾ ਦੀ ਮਹੱਹਤਾ ਨੂੰ ਦਰਸਾਉਂਦਾ ਹੈ।

ਖਿਮਾ ਦਾ ਹੋਰ ਉਦਾਹਰਨ ਭਾਈ ਘਨਈਆ ਜੀ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੌਰਾਨ, ਭਾਈ ਘਨਈਆ ਇੱਕ ਸਿੱਖ ਵਜੋਂ ਪ੍ਰਗਟ ਹੋਏ, ਜਿਨ੍ਹਾਂ ਦੇ ਕੰਮ ਨੇ ਜੰਗੀ ਹਾਲਾਤਾਂ ਵਿੱਚ ਭਾਵਨਾ ਤੋਂ ਉਲਟ ਚਲਣ ਵਾਲੀ ਸੋਚ ਨੂੰ ਦਰਸਾਇਆ। ਉਹ ਆਪਣੇ ਮਸ਼ਕ ਰਾਹੀਂ ਪਾਣੀ ਪਿਆਉਂਦੇ ਸਨ, ਨਾ ਸਿਰਫ਼ ਸਿੱਖਾਂ ਨੂੰ, ਸਗੋਂ ਦੁਸ਼ਮਣ ਫੌਜੀਆਂ ਨੂੰ ਵੀ। ਉਨ੍ਹਾਂ ਦੀ ਇਹ ਨਿਸ਼ਕਾਮ ਸੇਵਾ ਕੁਝ ਹੋਰ ਸਿੱਖਾਂ ਨੂੰ ਸਮਝ ਨਾ ਆਈ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਕੋਲ ਉਨ੍ਹਾਂ ਦੀ ਸ਼ਿਕਾਇਤ ਕੀਤੀ। ਜਦ ਗੁਰੂ ਗੋਬਿੰਦ ਸਿੰਘ ਜੀ ਕੋਲ ਭਾਈ ਘਨਈਆ ਜੀ ਵਿਰੁੱਧ ਸ਼ਿਕਾਇਤ ਕੀਤੀ ਗਈ ਕਿ ਉਹ ਜੰਗ ਦੌਰਾਨ ਦੁਸ਼ਮਣ ਫੌਜੀਆਂ ਨੂੰ ਵੀ ਪਾਣੀ ਪਿਲਾਉਂਦੇ ਹਨ, ਤਾਂ ਗੁਰੂ ਜੀ ਨੇ ਉਨ੍ਹਾਂ ਕੋਲੋਂ ਸਪਸ਼ਟੀਕਰਨ ਲਿਆ। ਗੁਰੂ ਜੀ ਨੇ ਪੁੱਛਿਆ ਕਿ ਉਹ ਵਿਰੋਧੀ ਫੌਜੀਆਂ ਦੀ ਮਦਦ ਕਿਉਂ ਕਰ ਰਹੇ ਹਨ। ਭਾਈ ਘਨਈਆ ਜੀ ਨੇ ਆਤਮਕ ਸੂਝ ਨਾਲ ਭਰਿਆ ਜਵਾਬ ਦਿੱਤਾ: "ਮੈਂ ਤਾਂ ਹਰ ਥਾਂ ਤੁਹਾਨੂੰ ਹੀ ਵੇਖਦਾ ਹਾਂ, ਹੇ ਮੇਰੇ ਪਿਆਰੇ ਗੁਰੂ! ਮੈਂ ਤੁਹਾਨੂੰ ਸਿੱਖਾਂ ਵਿੱਚ ਵੀ ਵੇਖਦਾ ਹਾਂ, ਮੈਂ ਤੁਹਾਨੂੰ ਵਿਰੋਧੀਆਂ ਵਿੱਚ ਵੀ ਵੇਖਦਾ ਹਾਂ। ਫਿਰ ਮੈਂ ਤੁਹਾਡੀ ਸੇਵਾ ਕਿਵੇਂ ਨਾ ਕਰਾਂ?" ਇਹ ਜਵਾਬ ਭਾਈ ਘਨਈਆ ਦੀ ਗੁਰਬਾਣੀ ਅਨੁਭੂਤੀ ਦੀ ਗਹਿਰਾਈ ਨੂੰ ਦਰਸਾਉਂਦਾ ਹੈ, ਜਿਸ ਵਿੱਚ ਪ੍ਰਭੂ ਦੀ ਹਾਜ਼ਰੀ ਸਾਰੇ ਜੀਵਾਂ ਵਿੱਚ ਮੰਨੀ ਜਾਂਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਦੇ ਇਸ ਆਤਮਕ ਦ੍ਰਿਸ਼ਟੀਕੋਣ ਤੋਂ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੂੰ ਬਖਸ਼ਿਸ਼ ਕੀਤੀ। ਗੁਰੂ ਜੀ ਨੇ ਉਨ੍ਹਾਂ ਨੂੰ ਮਰਹਮ ਅਤੇ ਪੱਟੀਆਂ ਦਿੱਤੀਆਂ ਤਾਂ ਜੋ ਉਹ ਆਪਣੀ ਮਾਨਵਤਾ ਭਰੀ ਸੇਵਾ ਨੂੰ ਜਾਰੀ ਰੱਖ ਸਕਣ। ਭਾਵੇ ਉਹ ਸਿੱਖ ਹੋਣ ਜਾਂ ਵਿਰੋਧੀ। ਦਾਰਸ਼ਨਿਕ ਤੌਰ 'ਤੇ ਵਿਸ਼ਲੇਸ਼ਣ ਕਰਨ ਤੇ, ਭਾਈ ਘਨਈਆ ਜੀ ਦੀ ਇਹ ਘਟਨਾ ਅਧਿਆਤਮਿਕ ਉਤਕ੍ਰਮਤਾ (metaphysical transcendence) ਦੀ ਵਿਆਖਿਆ ਕਰਦੀ ਹੈ, ਜਿਸ ਵਿਚ ਈਸ਼ਵਰੀ ਅਸਥਿਤੀ ਨੂੰ ਭੌਤਿਕ ਜਗਤ ਵਿੱਚ ਪਛਾਣਿਆ ਜਾਂਦਾ ਹੈ।

ਇਸ ਅਨੁਭੂਤੀ ਦੀ ਨੈਤਿਕ ਪਰਤ ਪਿਆਰ ਭਰੇ ਤੇ ਵਿਵਹਾਰਿਕ ਕਿਰਿਆ ਵਿੱਚ ਪ੍ਰਗਟ ਹੁੰਦੀ ਹੈ, ਜਿਸਦਾ ਮੂਲ ਸਿਧਾਂਤ ਹੈ ਕਿ ਸੇਵਾ, ਵੈਰ ਦੀ ਭਾਵਨਾ ਉੱਤੇ ਹਾਵੀ ਰਹੇ। ਭਾਈ ਘਨਈਆ ਜੀ ਦੀ ਸੇਵਾ ਰੂਹਾਨੀ ਗਿਆਨ ਨੂੰ ਦਇਆਲੂ ਤੇ ਵਿਅਵਹਾਰਿਕ ਕਿਰਿਆ ਵਿੱਚ ਪਰਿਵਰਤਿਤ ਕਰਨ ਦੀ ਇਕ ਆਦਰਸ਼ਕ ਮਿਸਾਲ ਹੈ। ਉਹ ਰਵਾਇਤੀ ਵੈਰ-ਵਿਰੋਧ ਦੀਆਂ ਹੱਦਾਂ ਤੋਂ ਪਾਰ ਹੋ ਕੇ ਨਿਰਲੋਭ, ਨਿਰਵੈਰ ਤੇ ਵਿਸ਼ਵ ਭਾਈਚਾਰਾ ਦੀ ਭਾਵਨਾ ਅਪਣਾਉਂਦੇ ਹਨ। ਇਸ ਤਰੀਕੇ ਨਾਲ, ਭਾਈ ਘਨਈਆ ਜੀ ਸਿੱਖ ਧਰਮ ਦੇ ਆਦਰਸ਼ ਨਿਸ਼ਕਾਮ ਸੇਵਾ ਅਤੇ ਸਰਬੱਤ ਦਾ ਭਲਾ ਨੂੰ ਨਿਰੰਤਰ ਜੀਵਨ ਵਿੱਚ ਉਤਾਰਦੇ ਹਨ।

ਸਿੱਖ ਧਰਮ ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਿਹਾੜੇ ਨੂੰ ਇੱਕ ਮਹੱਤਵਪੂਰਨ ਦਿਵਸ ਵਜੋਂ ਮਨਾਇਆ ਜਾਂਦਾ ਹੈ, ਜਿਸ ਵਿੱਚ ਲੋਕਾਂ ਨੂੰ ਠੰਡਾ ਮਿੱਠਾ ਪਾਣੀ ਪਿਲਾਇਆ ਜਾਂਦਾ ਹੈ। ਇਹ ਆਮ ਤੌਰ 'ਤੇ ਮਈ ਜੂਨ ਦੀ ਗਰਮੀ ਦੌਰਾਨ ਮਨਾਇਆ ਜਾਂਦਾ ਹੈ ਅਤੇ ਇਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਹੁੰਦਾ ਹੈ।

ਗੁਰੂ ਅਰਜਨ ਦੇਵ ਜੀ ਨੇ 1606 ਵਿੱਚ ਆਪਣੀ ਸ਼ਹੀਦੀ ਸਵੀਕਾਰ ਕੀਤੀ। ਜਦੋਂ ਬਾਦਸ਼ਾਹ ਜਹਾਂਗੀਰ ਉਨ੍ਹਾਂ ਦੇ ਵਧਦੇ ਪ੍ਰਭਾਵ ਨੂੰ ਰੋਕਣਾ ਚਾਹੁੰਦਾ ਸੀ। ਗੁਰੂ ਅਰਜਨ ਦੇਵ ਜੀ ਨੂੰ ਤਪਦੇ ਤਵੀ 'ਤੇ ਬਿਠਾਇਆ ਗਿਆ ਅਤੇ ਉਨ੍ਹਾਂ ਉੱਤੇ ਗਰਮ ਰੇਤ ਪਾਈ ਗਈ। ਪਰ ਇਹਨਾਂ ਦਰਦਨਾਕ ਪਲਾਂ ਵਿੱਚ ਵੀ, ਗੁਰੂ ਜੀ ਨੇ ਆਪਣੀਆਂ ਸੰਗਤਾਂ ਨੂੰ ਸਦਾ "ਪ੍ਰਭੂ ਦੀ ਰਜ਼ਾ ਮਿੱਠਾ ਕਰਕੇ ਮੰਨਣ" ਦੀ ਸਿੱਖਿਆ

Gurukul International Multidisciplinary Research Journal (GIMRJ)*with* International Impact Factor 8.357
Peer Reviewed Journal
https://doi.org/10.69758/GIMRJ/2505S01V13P002

e-ISSN No. 2394-8426
Special Issue on Scientific Research May'25
Issue–V(I), Volume–XIII

ਦਿੱਤੀ। ਉਨ੍ਹਾਂ ਨੇ ਕਦੇ ਵੀ ਦੁੱਖ ਜਾਂ ਬਦਲੇ ਦੀ ਭਾਵਨਾ ਨੂੰ ਪ੍ਰਧਾਨ ਨਹੀਂ ਕੀਤਾ। ਇਸ ਲਈ, ਛਬੀਲ[6] ਦਿਵਸ 'ਤੇ ਸਿੱਖ ਮਾਤਮ ਨਹੀਂ ਕਰਦੇ ਅਤੇ ਨਾ ਹੀ ਕਦੇ ਵਿਅਕਤੀਗਤ ਦੁਖਾਂ ਨੂੰ ਵਿਯੋਗ ਦਾ ਰੂਪ ਦਿੰਦੇ ਹਨ। ਉਹ ਇਸ ਦਿਨ ਮਿੱਠਾ ਪਾਣੀ ਵੰਡ ਕੇ ਦੂਜਿਆਂ ਦੀ ਸੇਵਾ ਕਰਦੇ ਹਨ।

ਇਹ ਸੇਵਾ ਨਾ ਸਿਰਫ ਗਰਮੀ ਵਿਚ ਲੋੜਵੰਦਾਂ ਨੂੰ ਤਾਜਗੀ ਦਿੰਦੀ ਹੈ, ਸਗੋਂ ਇਹ ਗੁਰੂ ਅਰਜਨ ਦੇਵ ਜੀ ਦੀ ਮਿੱਠਤਾ, ਦ੍ਰਿੜਤਾ ਅਤੇ ਨਿਸ਼ਕਾਮ ਸੇਵਾ ਦੀ ਸਿੱਖਿਆ ਨੂੰ ਜੀਵੰਤ ਰੱਖਦੇ ਹਨ। ਇਸ ਤਰ੍ਹਾਂ ਸਿੱਖ ਹਰ ਸਾਲ ਇਸ ਇਤਿਹਾਸਕ ਦੁੱਖ ਦੇ ਪਲ ਨੂੰ ਸਮੂਹਿਕ ਸੇਵਾ ਅਤੇ ਮਾਨਵਤਾ ਦੇ ਜਸ਼ਨ ਵਿੱਚ ਬਦਲ ਦਿੰਦੇ ਹਨ।

**ਨਿਸਕਰਸ਼ (ਸਿੱਖ ਦ੍ਰਿਸ਼ਟੀਕੋਣ ਤੋਂ ਖਿਮਾ ਦੀ ਮਹਹੱਤਾ)**

ਖਿਮਾ ਦੇ ਗੁਣ ਦੀ ਆਧੁਨਿਕ ਸਮੇਂ ਵਿੱਚ ਬਹੁ-ਧਰਮ ਸੰਵਾਦ (interfaith dialogues) ਵਿੱਚ ਮਹੱਤਵਪੂਰਨ ਭੂਮਿਕਾ ਹੈ। ਇਹ ਗੁਣ ਹਰ ਜੀਵਨ ਖੇਤਰ ਵਿੱਚ ਪਰਿਭਾਸ਼ਿਤ ਅਤੇ ਅਪਣਾਇਆ ਜਾਣਾ ਚਾਹੀਦਾ ਹੈ। ਸੱਚ ਦੀ ਅਧਿਆਤਮਿਕ ਏਕਤਾ ਦੀ ਸਾਕਾਰਤਾ ਹੀ ਗਿਆਨਾਤਮਕ (epistemic) ਅਤੇ ਮੂਲਿਆਤਮਕ (axiological) ਸਮੱਸਿਆਵਾਂ ਦਾ ਹੱਲ ਹੈ। ਵਿਸ਼ਵ ਸ਼ਾਂਤੀ ਦੀ ਰੱਖਿਆ ਲਈ ਖਿਮਾ ਦੀ ਸੰਵੇਦਨਾ ਨੂੰ ਸਮਝਣਾ ਅਤੇ ਅਪਣਾਉਣਾ ਬਹੁਤ ਜ਼ਰੂਰੀ ਹੈ।

ਦੁਨੀਆ ਦੇ ਸਾਰੇ ਧਾਰਮਿਕ ਸੰਪਰਦਾ ਇਸ ਯਤਨ ਵਿੱਚ ਸ਼ਾਮਿਲ ਹਨ ਕਿ ਵਿਨਾਸ਼ਕਾਰੀ ਯੁੱਧਾਂ ਤੋਂ ਬਚਿਆ ਜਾ ਸਕੇ। ਇਹ ਯਤਨ ਸਹਿਣਸ਼ੀਲਤਾ ਨੂੰ ਵਧਾਵੇ ਤਾਂ ਜੋ ਆਪਸੀ ਸਾਂਝ ਅਤੇ ਸ਼ਾਂਤਮਈ ਸਹਿਯੋਗ ਵਲ ਲੈ ਕੇ ਜਾਵੇਗਾ। ਇਸ ਲੇਖ ਰਾਹੀਂ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਸਿੱਖ ਅਨੁਭਵ ਇਸ ਸੰਦਰਭ ਵਿੱਚ ਕੀ ਯੋਗਦਾਨ ਪਾ ਸਕਦਾ ਹੈ। ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਬੀਰ ਜੀ ਕਹਿੰਦੇ ਹਨ:

ਕਬੀਰਾ ਜਹਾਂ ਗਿਆਨ ਤਹਿ ਧਰਮ ਹੈ, ਜਹਾਂ ਝੂਠ ਤਹਿ ਪਾਪ॥

ਜਹਾਂ ਲੋਭ ਤਹਿ ਕਾਲ ਹੈ, ਜਹਾਂ ਖਿਮਾ ਤਹਿ ਆਪ॥[7]

ਜਿਥੇ ਗਿਆਨ ਹੈ ਉਥੇ ਹੀ ਧਰਮ ਹੈ, ਜਿਥੇ ਝੂਠ ਹੈ ਉਥੇ ਪਾਪ ਹੈ। ਜਿਥੇ ਲੋਭ ਹੈ ਉਥੇ ਮੌਤ ਹੈ, ਤੇ ਜਿਥੇ ਮਾਫੀ ਹੈ ਉਥੇ ਪਰਮਾਤਮਾ ਆਪ ਵਸਦਾ ਹੈ। ਇਹ ਬਾਣੀ ਸਿੱਖ ਪਰਿਪਰੇਖ ਵਿੱਚ ਖਿਮਾ ਦੀ ਉੱਚਤਮ ਪ੍ਰਮਾਣਿਕਤਾ ਨੂੰ ਦਰਸਾਉਂਦੀ ਹੈ, ਜੋ ਸਿਰਫ ਸੰਵਿਧਾਨਕ ਜਾਂ ਆਚਰਣਕ ਨਹੀਂ ਸਗੋਂ ਅਧਿਆਤਮਿਕ ਮੁਕਤੀ ਦਾ ਰਸਤਾ ਹੈ।

ਆਧੁਨਿਕ ਸਮਾਜਿਕ ਦ੍ਰਿਸ਼ਟੀਕੋਣ ਵਿੱਚ, ਖਿਮਾ ਦਾ ਸਿਧਾਂਤ ਬੇਹੱਦ ਮਹੱਤਵਪੂਰਨ ਹੋ ਚੁੱਕਾ ਹੈ, ਖਾਸ ਕਰਕੇ ਜਦੋਂ ਕਿ ਮਨੁੱਖੀ ਸੰਬੰਧਾਂ ਵਿੱਚ ਟੈਕਨੋਲੋਜੀਕਲ ਤਰੱਕੀ ਕਾਰਨ ਗਹਿਰੀ ਤਬਦੀਲੀ ਆਈ ਹੈ। ਜਿਵੇਂ-ਜਿਵੇਂ ਆਭਾਸੀ (virtual) ਸੰਸਾਰ ਹਕੀਕਤੀ ਜੀਵਨ ਉੱਤੇ ਹਾਵੀ ਹੋ ਰਿਹਾ ਹੈ, ਤਿਵੇਂ ਹੀ ਮਨੁੱਖੀ ਸੰਵੇਦਨਾਵਾਂ ਵਿੱਚ ਬੇਗਾਨਗੀ ਅਤੇ ਅਸਹਿਣਸ਼ੀਲਤਾ ਵਧ ਰਹੀ ਹੈ।

ਇਸ ਪਰਿਸਥਿਤੀ ਵਿੱਚ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਮੁਢਲੀ ਜ਼ਿੰਦਗੀ ਦੇ ਸਿਧਾਂਤਾਂ ਵੱਲ ਮੁੜੀਏ, ਦਇਆ, ਸਹਿਯੋਗ, ਅਹਿੰਸਾ, ਅਮਨ ਅਤੇ ਖਿਮਾ। ਇਹ ਸਿਧਾਂਤ ਨਾ ਸਿਰਫ ਵਿਅਕਤੀਗਤ ਤੌਰ 'ਤੇ ਜੀਵਨ ਨੂੰ ਸੰਤੁਲਿਤ ਕਰਦੇ ਹਨ, ਸਗੋਂ ਸਮਾਜਿਕ ਅਤੇ ਗਲੋਬਲ ਪੱਧਰ ਉੱਤੇ ਵੀ ਸਾਂਝੀ ਸਥਿਰਤਾ ਅਤੇ ਸ਼ਾਂਤੀ ਦੀ ਨੀਂਵ ਰੱਖਦੇ ਹਨ। ਸਿੱਖ ਧਰਮ ਦੇ ਨਜ਼ਰੀਏ ਤੋਂ, ਖਿਮਾ ਸਿਰਫ ਇੱਕ ਪ੍ਰਤਿਕਿਰਿਆ ਨਹੀਂ ਹੈ, ਬਲਕਿ ਇਹ ਇੱਕ ਆਤਮਕ ਅਨੁਭਵ ਦੀ ਪੂਰੀ ਅਭਿਵਿਅਕਤੀ ਹੈ, ਜੋ ਮਨੁੱਖ ਨੂੰ ਆਪਣੀ ਹੱਦਾਂ ਤੋਂ ਪਰੇ ਲੈ ਜਾਂਦੀ ਹੈ ਅਤੇ ਸੰਸਾਰ ਨਾਲ ਉਸਦੇ ਰਿਸ਼ਤੇ ਨੂੰ ਨਵੀਂ ਧਾਰਣਾ ਦਿੰਦੀ ਹੈ।

---

[6] ਜਲ ਪੀਣ ਦਾ ਅਸਥਾਨ ਜਿਸ ਨੂੰ ਪਉ ਵੀ ਆਖਦੇ ਹਨ।

[7] (ਗੁਰੂ ਗ੍ਰੰਥ ਸਾਹਿਬ ੧੩੬੪)

ਇਹ ਨਿਸ਼ਕਾਮਤਾ, ਜੋ ਖਿਮਾ ਲਈ ਜਰੂਰੀ ਹੈ ਕਿ ਸਿੱਖ ਜੀਵਨ ਸ਼ੈਲੀ ਦੀ ਜੜਾਂ ਹਨ ਅਤੇ ਇਹ ਗੁਰੂ ਗ੍ਰੰਥ ਸਾਹਿਬ ਦੀਆਂ ਅਸਲੀਅਤਾਂ ਰਾਹੀਂ ਚਮਕਦੀ ਹੈ। ਸਿੱਖ ਅਨੁਭਵ ਇੱਕ ਐਸੇ ਆਤਮਕ ਏਕਤਾਵਾਦ ਵਿੱਚ ਵਿਕਸਤ ਹੁੰਦੀ ਹੈ ਜੋ ਕਿਸੇ ਇਕ ਜਾਤੀ, ਧਰਮ, ਜਾਂ ਭੌਤਿਕ ਵਰਗੀਕਰਨ ਤੱਕ ਸੀਮਿਤ ਨਹੀਂ ਰਹਿੰਦੀ। ਇਥੇ ਜੀਵਨ ਨੂੰ ਸਮਝਣ ਅਤੇ ਅਨੁਭਵ ਕਰਨ ਦੀ ਵਿਧੀ ਪਰੰਪਰਾਗਤ ਵੰਡਾਂ ਦੀ ਥਾਂ 'ਗੁਰਮੁਖ' ਅਤੇ 'ਮਨਮੁਖ' ਦੇ ਨਵੇਂ ਮਾਪਦੰਡਾਂ ਵਿੱਚ ਪਰਿਭਾਸ਼ਤ ਹੁੰਦੀ ਹੈ। ਗੁਰਮੁਖ ਉਹ ਹੈ ਜੋ ਗੁਰੂ ਵੱਲ ਮੁੱਖ ਕਰਦਾ ਹੈ, ਜੋ ਗੁਰੂ ਦੀ ਰੌਸ਼ਨੀ ਵਿੱਚ ਆਤਮਕ ਬੁਝਾਰਤ ਨੂੰ ਵੇਖਦਾ ਹੈ। ਇਹ ਗੁਰਮੁਖਤਾ, ਜੋ ਕਿ ਮੈਟਾ-ਮੈਟਾਫ਼ਿਜ਼ਕਲ ਗਿਆਨ ਨਾਲ ਸੰਬੰਧਿਤ ਹੈ, ਮਨੁੱਖ ਨੂੰ ਉਸ ਪੱਧਰ ਉੱਤੇ ਲੈ ਜਾਂਦਾਂ ਹੈ ਜਿੱਥੇ ਖਿਮਾ, ਕਰੁਣਾ, ਅਤੇ ਨਿਸ਼ਕਾਮਤਾ ਜੀਵਨ ਦੇ ਮੂਲ ਰੂਪ ਬਣ ਜਾਂਦੇ ਹਨ।

ਸਿੱਖ ਫਲਸਫੇ ਵਿੱਚ ਖਿਮਾ ਸਿਰਫ਼ ਮਨ ਨੂੰ ਠੰਡ ਪਾਉਣ ਜਾਂ ਵਿਅਕਤੀਗਤ ਜਖਮਾਂ ਦਾ ਇਲਾਜ ਨਹੀਂ, ਸਗੋਂ ਗਿਆਨਕਤਮਿਕ ਸੂਝ ਦਾ ਕੰਮ ਹੈ। ਖਿਮਾ ਦੇ ਰਾਹੀਂ ਵਿਅਕਤੀ ਗਲਤੀਆਂ ਨੂੰ ਸਜ਼ਾ ਜਾਂ ਬਦਲਾ ਦੇ ਤੌਰ 'ਤੇ ਨਹੀਂ, ਸਗੋਂ ਅਗਿਆਨਤਾ ਦੀ ਵਜ੍ਹਾ ਨਾਲ ਹੋਈ ਭੁੱਲ ਵਜੋਂ ਵੇਖਦਾ ਹੈ। ਇਹ ਖਿਮਾ ਆਤਮਕ ਮੁਕਤੀ ਵੱਲ ਲੈ ਜਾਂਦੀ ਹੈ। ਇਕ ਐਸੀ ਹਾਲਤ ਜੋ ਚੰਗੇ-ਮੰਦੇ ਦੀ ਦਲਦਲੀ ਦੁਪੱਖਤਾ ਤੋਂ ਪਰੇ ਹੁੰਦੀ ਹੈ।

ਸਿੱਖ ਧਰਮ ਵਿੱਚ ਦੂਜੇ ਨਾਲ ਰਿਸ਼ਤਾ ਬਹੁਤ ਮਹੱਤਵਪੂਰਨ ਹੈ। ਦੂਜਾ ਕੋਈ ਵਿਰੋਧੀ ਨਹੀਂ ਰਹਿੰਦਾ, ਸਗੋਂ ਸਖੀ ਆਤਮਾ ਦੀ ਸਹੇਲੀ ਬਣ ਜਾਂਦੀ ਹੈ। ਇਹ ਸਕਾਰਾਤਮਕ ਬਦਲਾਅ ਬਦਲੇ ਦੀ ਭਾਵਨਾ ਨੂੰ ਖਤਮ ਕਰ ਦਿੰਦੀ ਹੈ। ਗੁਰਮੁਖ ਦੀ ਕਾਰਜ ਵਿਚ ਰੰਜਸ਼ ਜਾਂ ਰੁਕਾਵਟ ਦੀ ਥਾਂ ਨਿਰਮਲਤਾ ਅਤੇ ਸੇਵਾ ਕੀਤੀ ਜਾਂਦੀ ਹੈ।

ਸਿੱਖਾਂ ਦੀ ਨਿਸ਼ਕਾਮਤਾ ਪ੍ਰਤੀ ਵਚਨਬੱਧਤਾ, ਬਦਲੇ ਦੀ ਭਾਵਨਾ ਤੋਂ ਬਚਾਅ, ਅਤੇ "ਮੋਨੋਪੋਲਰ ਚੰਗਿਆਈ" ਦੀ ਖੋਜ ਇਹ ਸਭ ਖਿਮਾ ਦੇ ਉਨ੍ਹਾਂ ਦੇ ਅਨੋਖੇ ਨਜ਼ਰੀਏ ਨੂੰ ਦਰਸਾਉਂਦੇ ਹਨ। ਸਿੱਖ ਪੰਥ ਵਿੱਚ ਖਿਮਾ ਸਿਰਫ਼ ਪ੍ਰਤੀਕ੍ਰਿਆਕਾਰੀ ਜਵਾਬ ਨਹੀਂ, ਬਲਕਿ ਹਮੇਸ਼ਾ ਚੰਗਿਆਈ ਦੇਣ ਦਾ ਅਭਿਆਸ ਹੈ, ਚਾਹੇ ਸਾਮ੍ਹਣੇ ਵਾਲਾ ਚੰਗਾ ਕਰੇ ਜਾਂ ਮਾੜਾ।

ਇਹ ਪਹੁੰਚ ਸਿੱਖ ਦਰਸ਼ਨ ਦੇ ਆਧਾਰ 'ਤੇ ਨਿਰਮਿਤ ਹੈ, ਜਿੱਥੇ ਚੰਗਿਆਈ ਕਿਸੇ ਸੰਬੰਧਿਕ ਪ੍ਰਸੰਗ ਜਾਂ ਵਿਅਕਤੀਗਤ ਹਾਲਤ ਤੇ ਨਿਰਭਰ ਨਹੀਂ ਹੈ। ਇਹ ਇੱਕ ਅਜਿਹੀ ਆਤਮਕ ਅਵਸਥਾ ਹੈ ਜਿੱਥੇ ਜੀਵਨ ਦੀ ਹਰ ਘਟਨਾ ਦਾ ਜਵਾਬ ਚੰਗਿਆਈ, ਦਇਆ, ਤੇ ਨਿਸ਼ਕਾਮ ਸੇਵਾ ਰਾਹੀਂ ਦਿੱਤਾ ਜਾਂਦਾ ਹੈ। ਇਸ ਤਰ੍ਹਾਂ, ਸਿੱਖ ਦ੍ਰਿਸ਼ਟੀਕੋਣ ਅਨੁਸਾਰ ਖਿਮਾ ਮਾਨਸਿਕ ਉੱਚਾਈ ਤੇ ਪਹੁੰਚਣ ਦਾ ਸਾਧਨ ਹੈ, ਜੋ ਮਨੁੱਖਤਾ ਨੂੰ ਇਕ ਨਵੀਂ ਦਿਸ਼ਾ, ਸਮਰਪਣ, ਅਤੇ ਇਕ ਓਅੰਕਾਰ ਵੱਲ ਲੈ ਜਾਂਦਾ ਹੈ।

**ਪੁਸਤਕ ਸੂਚੀ:**

*Guru Granth Sahib*. n.d.

Randhawa, Deepinderjeet. *Unsettling Boundaries*. Sri Amritsar: Naad Pargaas, 2015.

Singh, Gurbhagat. *Essays On Sri Guru Granth Sahib*. Ed. Jaswinder Singh. Sri Amritsar: Naad Pargaas, 2015.

Singh, Prof. Puran. *The Spirit Born People*. 1929.